ਝੋਨੇ ਦੀ ਅਦਾਇਗੀ ਨਾ ਕਰਨ ਵਾਲੇ ਆੜ੍ਹਤੀ ਖਿਲਾਫ ਕਾਰਵਾਈ ਹੋਵੇਗੀ-ਲੱਖੋਵਾਲ

ਮਖੂ, 20 ਜਨਵਰੀ (ਮੱਲ੍ਹੀ)-ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਕਿਸਾਨ ਕਰਜ਼ਾਈ ਹੋ ਕੇ ਖੁਦਕੁਸ਼ੀਆਂ ਕਰ ਰਿਹਾ ਹੈ। ਰਹਿੰਦੀ ਕਸਰ ਹੁਣ ਆੜ੍ਹਤੀ ਵਰਗ ਕੱਢ ਰਿਹਾ ਹੈ, ਜੇਕਰ ਹੁਣ ਵੀ ਕੇਂਦਰ ਸਰਕਾਰ ਨੇ ਕਿਸਾਨਾਂ ਦੀ ਬਾਂਹ ਨਾ ਫੜ੍ਹੀ ਤਾਂ ਉਹ ਵੀ ਦਿਨ ਦੂਰ ਨਹੀਂ, ਜਦੋਂ ਖੰਡ ਵਾਂਗ ਕਣਕ ਤੇ ਝੋਨੇ ਨੂੰ ਤਰਸਣਗੇ। ਇਹ ਸ਼ਬਦ ਅਜਮੇਰ ਸਿੰਘ ਲੱਖੋਵਾਲ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਪੰਜਾਬ ਅਤੇ ਚੇਅਰਮੈਨ ਪੰਜਾਬ ਮੰਡੀ ਬੋਰਡ ਨੇ ਸ੍ਰੀ ਗੁਰਦੁਆਰਾ ਸਾਹਿਬ ਸ਼ਹੀਦ ਸ਼ਾਮ ਸਿੰਘ ਅਟਾਰੀ ਫਤਿਹਗੜ੍ਹ ਸਾਹਿਬ ਵਿਖੇ ਕਿਸਾਨਾਂ ਦੇ ਇੱਕ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦਿਆਂ ਕਹੇ। ਇਸ ਮੌਕੇ ਮੁੱਖ ਸੇਵਾਦਾਰ ਬਾਬਾ ਛਿੰਦਰ ਸਿੰਘ ਵੱਲੋਂ ਕੀਤੀ ਗਈ ਮੁੱਖ ਮੰਗ ਸੜਕ ਨੂੰ ਚੌੜਾ ਕਰਨ ਤੇ ਨਵਿਆਉਣਯੋਗ ਮੰਗ ਪੂਰੀ ਕਰਦਿਆਂ ਚੇਅਰਮੈਨ ਨੇ ਕਿਹਾ ਕਿ ਇਹ ਸੜਕ ਪਹਿਲ ਦੇ ਆਧਾਰ 'ਤੇ ਕਰਵਾਈ ਜਾਵੇਗੀ ਤੇ ਨਾਲ ਹੀ ਇਲਾਕੇ ਦੀਆਂ ਜਿੰਨੀਆਂ ਮੰਡੀਆਂ ਕੱਚੀਆਂ ਹਨ, ਉਹ ਵੀ ਪੱਕੀਆਂ ਕੀਤੀਆਂ ਜਾਣਗੀਆਂ ਤੇ ਮੌਕੇ ਤੇ ਕਿਸਾਨਾਂ ਵੱਲੋਂ ਕੀਤੀ ਗਈ ਆੜ੍ਹਤੀਆਂ ਖਿਲਾਫ ਸ਼ਿਕਾਇਤ ਨੂੰ ਝੋਨੇ ਦੇ ਪੈਸੇ ਕਿਸਾਨਾਂ ਨੂੰ ਨਹੀਂ ਦੇ ਰਹੇ ਤਾਂ ਅਜਮੇਰ ਸਿੰਘ ਲੱਖੋਵਾਲ ਨੇ ਕਿਹਾ ਕਿ ਜੇਕਰ ਆੜ੍ਹਤੀਏ ਕਿਸਾਨਾਂ ਨੂੰ ਪੈਸੇ ਇੱਕ ਹਫਤੇ ਵਿੱਚ ਨਹੀਂ ਦਿੰਦੇ ਤਾਂ ਉਨ੍ਹਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ 'ਤੇ ਭੁਪਿੰਦਰ ਸਿੰਘ ਪ੍ਰੈੱਸ ਸਕੱਤਰ ਪੂਰਨ ਸਿੰਘ, ਅਮਰੀਕ ਸਿੰਘ ਬਲਾਕ ਪ੍ਰਧਾਨ, ਪਰਵਿੰਦਰ ਸਿੰਘ, ਗੁਰਦੇਵ ਸਿੰਘ, ਸੁਖਵਿੰਦਰ ਸਿੰਘ ਸਰਪੰਚ ਬੁੱਟਰ, ਬੋਹੜ ਸਿੰਘ, ਦਰਸ਼ਨ ਸਿੰਘ, ਗੁਲਜ਼ਾਰ ਸਿੰਘ, ਬਲਵਿੰਦਰ ਸਿੰਘ, ਜਸਵੰਤ ਸਿੰਘ, ਬਾਬਾ ਦਿਲਬਾਗ ਸਿੰਘ ਆਦਿ ਹਾਜ਼ਰ ਸਨ।

ਸੇਖਵਾਂ ਵਲੋਂ 'ਕਾਲੀ ਸੂਚੀ' ਦੀ ਪੁਨਰ ਸਮੀਖਿਆ ਦੀ ਮੰਗ

ਚੰਡੀਗੜ੍ਹ, 20 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ) ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਅਤੇ ਪ੍ਰਵਾਸੀ ਮਾਮਲਿਆਂ ਬਾਰੇ ਮੰਤਰੀ ਮੰਤਰੀ ਸ. ਸੇਵਾ ਸਿੰਘ ਸੇਖਵਾਂ ਨੇ ਅੱਜ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਸਿੱਖਾਂ ਦੀ ਅਖੌਤੀ ਕਾਲੀ ਸੂਚੀ ਦੀ ਮੁੜ ਸਮੀਖਿਆਂ ਕਰਨ ਦੀ ਮੰਗ ਦਾ ਪੂਰਨ ਸਮਰੱਥਨ ਕਰਦਿਆਂ ਕਿਹਾ ਕਿ ਇਸ ਸੂਚੀ ਕਾਰਨ ਉਹਨਾਂ ਲੋਕਾਂ ਦੇ ਆਪਣੇ ਦੇਸ਼ ਪਰਤਣ 'ਤੇ ਹੀ ਪਾਬੰਦੀ ਲੱਗੀ ਹੋਈ ਹੈ। ਇਥੇ ਚੰਡੀਗੜ੍ਹ ਪ੍ਰੈਸ ਕਲੱਬ ਵਿਖੇ 'ਮੀਟ ਦਾ ਪ੍ਰੈਸ ਪ੍ਰੋਗਰਾਮ' ਤਹਿਤ ਇਕ ਸਵਾਲ ਦਾ ਜਵਾਬ ਦਿੰਦਿਆਂ ਸ. ਸੇਖਵਾਂ ਨੇ ਕਿਹਾ ਕਿ ਰਾਜ ਅੰਦਰ ਅਮਨ ਦੀ ਬਹਾਲੀ ਉਪਰੰਤ ਕੇਂਦਰ ਸਰਕਾਰ ਵਲੋਂ ਉਕਤ ਕਾਲੀ ਸੂਚੀ ਦੀ ਮੁੜ ਸਮੀਖਿਆਂ ਲਈ ਢੁਕਵਾਂ ਸਮਾਂ ਆ ਗਿਆ ਹੈ ਅਤੇ ਇਨ੍ਹਾਂ ਨਾਗਰਿਕਾਂ ਨੂੰ ਆਪਣੇ ਘਰ ਪਰਤਣ ਅਤੇ ਰਾਜ ਦੀ ਪ੍ਰਗਤੀ ਵਿੱਚ ਹਿੱਸੇਦਾਰ ਬਣਨ ਦਾ ਮੌਕਾ ਮਿਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਹ ਇਸ ਮੁੱਦੇ ਬਾਰੇ ਰਾਜ ਦੇ ਪੁਲਿਸ ਮੁਖੀ ਅਤੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨਾਲ ਵਿਚਾਰ ਕਰ ਚੁੱਕੇ ਹਨ ਅਤੇ ਮੁੱਖ ਮੰਤਰੀ ਇਸ ਸੂਚੀ ਦੀ ਮੁੜ ਸਮੀਖਿਆਂ ਦੀ ਮੰਗ ਨੂੰ ਲੈ ਕੇ ਕੇਂਦਰੀ ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ ਨੂੰ ਛੇਤੀ ਹੀ ਮਿਲ ਰਹੇ ਹਨ। ਪ੍ਰਵਾਸੀ ਭਾਰਤੀਆਂ ਨੂੰ ਦਰਪੇਸ਼ ਮੁਸ਼ਕਿਲਾਂ ਬਾਰੇ ਬੋਲਦਿਆਂ ਸ. ਸੇਖਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਪ੍ਰਵਾਸੀ ਭਾਰਤੀਆਂ ਲਈ ਛੇਤੀ ਹੀ ਇਕ ਕਮਿਸ਼ਨ ਦਾ ਗਠਨ ਕੀਤਾ ਜਾ ਰਿਹਾ ਹੈ ਜਿਸ ਦੀਆਂ ਸੇਵਾ ਸ਼ਰਤਾਂ ਪੰਜਾਬੀ ਭਾਈਚਾਰੇ ਨਾਲ ਵਿਚਾਰ ਵਟਾਂਦਰੇ ਉਪਰੰਤ ਤਹਿ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਦੀ ਅਗਵਾਈ ਹੇਠ ਗਠਿਤ ਕੀਤੇ ਜਾਣ ਵਾਲੇ ਇਸ ਕਮਿਸ਼ਨ ਵਿੱਚ ਉਹ ਮਸਲੇ ਹੱਲ ਕੀਤੇ ਜਾਣਗੇ ਜੋ ਕਿਸੇ ਹੋਰ ਵਿਭਾਗ ਵਲੋਂ ਹੱਲ ਨਹੀ ਕੀਤੇ ਜਾ ਸਕਣਗੇ। ਉਨ੍ਹਾਂ ਕਿਹਾ ਕਿ ਇਸ ਕਮਿਸ਼ਨ ਦੇ ਗਠਨ ਦਾ ਮਕਸਦ ਪ੍ਰਵਾਸੀ ਭਾਰਤੀਆਂ ਨੂੰ ਵੱਖ-ਵੱਖ ਵਿਵਾਦਾਂ ਖਾਸ ਕਰਕੇ ਜਾਇਦਾਦ, ਵਿਆਹ ਸਬੰਧੀ ਅਤੇ ਉਨ੍ਹਾਂ ਦੀ ਇਮੀਗਰੇਸ਼ਨ ਆਦਿ ਨਾਲ ਸਬੰਧਤ ਮਾਮਲਿਆਂ ਵਿੱਚ ਤੇਜ਼ੀ ਨਾਲ ਰਾਹਤ ਪ੍ਰਦਾਨ ਕਰਨਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਪਿਛਲੇ ਸਾਲ ਚੰਡੀਗੜ੍ਹ ਅਤੇ ਜਲੰਧਰ ਵਿਖੇ ਪ੍ਰਵਾਸੀ ਭਾਰਤੀ ਸੰਮੇਲਨਾਂ ਵਿੱਚ ਉਭਰ ਕੇ ਆਏ ਵਿਚਾਰਾਂ ਦੇ ਮੱਦੇਨਜ਼ਰ ਈਸਟ ਪੰਜਾਬ ਰੈਂਟ ਐਕਟ ਵਿੱਚ ਸੋਧ ਕਰਕੇ ਪ੍ਰਵਾਸੀ ਭਾਰਤੀਆਂ ਨੂੰ ਆਪਣੀਆਂ ਕਿਰਾਏ ਤੇ ਦਿੱਤੀਆਂ ਜਾਇਦਾਦਾਂ ਖਾਲੀ ਕਰਵਾਉਣ ਦਾ ਅਧਿਕਾਰ ਦਿੱਤਾ ਹੈ।

ਇਸ ਤੋਂ ਇਲਾਵਾ ਜਿਥੇ ਹਰ ਜਿਲ੍ਹੇ ਅੰਦਰ ਪ੍ਰਵਾਸੀ ਭਾਰਤੀਆਂ ਲਈ ਵੱਖਰੀ ਮਾਲ ਅਦਾਲਤ ਦੀ ਵਿਵਸਥਾ ਕਰਨ ਤੋਂ ਇਲਾਵਾ ਪ੍ਰਵਾਸੀ ਭਾਰਤੀਆਂ ਦੀ ਬਹੁਤਾਤ ਵਾਲੇ ਇਲਾਕਿਆਂ ਵਿੱਚ 6 ਪੁਲਿਸ ਥਾਣੇ ਕਾਇਮ ਕੀਤੇ ਗਏ ਹਨ। ਇਸ ਤੋਂ ਇਲਾਵਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਸਲਾਹ ਨਾਲ ਜਲੰਧਰ ਵਿੱਚ ਪ੍ਰਵਾਸੀ ਭਾਰਤੀ ਵਸੋਂ ਲਈ ਇਕ ਵਿਸੇਸ ਅਦਾਲਤ ਵੀ ਕਾਇਮ ਕੀਤੀ ਗਈ ਹੈ ਅਤੇ ਛੇਤੀ ਹੀ ਸਾਰੇ ਜਿਲ੍ਹਿਆਂ ਅੰਦਰ ਅਜਿਹੀਆਂ ਅਦਾਲਤਾਂ ਕਾਇਮ ਕਰਨ ਦਾ ਪ੍ਰੋਗਰਾਮ ਹੈ। ਉਨ੍ਹਾਂ ਦੱਸਿਆ ਕਿ ਪ੍ਰਵਾਸੀ ਭਾਰਤੀਆਂ ਦੀ ਸਹੂਲਤ ਲਈ ਪ੍ਰਵਾਸੀ ਭਾਰਤੀ ਡਾਇਰੈਕਟੋਰੇਟ ਦੇ ਦਫਤਰ ਨੂੰ ਸਥਾਨਕ ਸੈਕਟਰ 17 ਦੇ ਕਿਸੇ ਕੇਂਦਰੀ ਸਥਾਨ ਤੇ ਤਬਦੀਲ ਕੀਤਾ ਜਾ ਰਿਹਾ ਹੈ।

ਡਰੋਲੀ ਕਲਾਂ ਕਾਲਜ 'ਚ ਸੱਭਿਆਚਾਰਕ ਸਮਾਗਮ ਅੱਜ ਤੋਂ

ਆਦਮਪੁਰ, 20 ਜਨਵਰੀ (ਪੱਤਰ ਪ੍ਰੇਰਕ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਗੁਰੂ ਨਾਨਕ ਖਾਲਸਾ ਕਾਲਜ ਡਰੋਲੀ ਕਲਾਂ ਵਿਖੇ 21 ਅਤੇ 22 ਜਨਵਰੀ ਨੂੰ ਦੋ ਰੋਜ਼ਾ ਅੰਤਰ-ਕਾਲਜ ਸੱਭਿਆਚਾਰਕ ਮੁਕਾਬਲੇ ਕਰਵਾਏ ਜਾ ਰਹੇ ਹਨ। ਇਸ ਸਮਾਗਮ ਸੰਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਸਾਹਿਬ ਸਿੰਘ ਨੇ ਦੱਸਿਆ ਕਿ ਇਸ ਸੱਭਿਅਚਾਰਕ ਸਮਾਗਮ ਵਿੱਚ 21 ਜਨਵਰੀ ਨੂੰ ਸ਼ਬਦ ਗਾਇਨ, ਕਵਿਤਾ ਉਚਾਰਨ, ਗੀਤ, ਲੋਕ ਗੀਤ, ਗ਼ਜ਼ਲ ਗਾਇਨ ਅਤੇ 22 ਜਨਵਰੀ ਰੰਗੋਲੀ, ਭਾਸ਼ਣ, ਫੈਂਸੀ ਡਰੈੱਸ, ਕੋਰੀਓਗ੍ਰਾਫੀ ਆਦਿ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਇਸ ਸਮਾਗਮ ਵਿੱਚ ਇਨਾਮ ਵੰਡ ਸਮਾਗਮ ਤੇ ਦੂਜੇ ਦਿਨ ਦੇ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਵਜੋਂ ਸੋਹਣ ਸਿੰਘ ਠੰਢਲ, ਚੌਧਰੀ ਨੰਦ ਲਾਲ, ਦੇਸ ਰਾਜ ਧੁੱਗਾ, (ਸਾਰੇ ਪਾਰਲੀਮਾਨੀ ਸੱਕਤਰ ਪੰਜਾਬ), ਜਲੰਧਰ ਦੂਰਦਰਸ਼ਨ ਦੇ ਪ੍ਰੋਡਿਊਸਰ ਮਨੋਹਰ ਸਿੰਘ ਭਾਰਜ, ਕਰਨੈਲ ਸਿੰਘ (ਸਾਬਕਾ ਡੀ.ਪੀ.ਆਈ.) ਜੋਗਿੰਦਰ ਸਿੰਘ (ਸਕੱਤਰ ਸਿੱਖਿਆ ਐੱਸ.ਜੀ.ਪੀ.ਸੀ.) ਅਤੇ ਹਲਕਾ ਆਦਮਪੁਰ ਦੇ ਵਿਧਾਇਕ ਸਰਬਜੀਤ ਸਿੰਘ ਮੱਕੜ ਆਦਿ ਸ਼ਾਮਲ ਹੋਣਗੇ।

ਕਾਂਗਰਸ ਪਾਰਟੀ ਦਾ ਦੂਸਰਾ ਨਾਮ ਹੈ ਮਹਿੰਗਾਈ-ਸੰਜੀਵ

ਨੰਗਲ, 20 ਜਨਵਰੀ (ਗੁਰਬਿੰਦਰ ਸਿੰਘ ਜੰਡੀਰ, ਧਰਮਪਾਲ)-ਕਾਂਗਰਸ ਪਾਰਟੀ ਨੇ ਦੇਸ਼ ਦੀ ਅਜ਼ਾਦੀ ਤੋਂ ਬਾਅਦ ਸਭ ਤੋਂ ਲੰਮਾ ਸਮਾਂ ਭਾਰਤ ਉਤੇ ਰਾਜ ਕਰਦੀ ਰਹੀ ਹੈ। ਇਸ ਦੇ ਬਾਵਜੂਦ ਕਾਂਗਰਸ ਦੇਸ਼ ਵਿੱਚੋਂ ਮਹਿੰਗਾਈ ਖਤਮ ਨਹੀਂ ਕਰ ਸਕੀ। ਜੇਕਰ ਮਹਿੰਗਾਈ ਦੇ ਉਪਰ ਕਾਬੂ ਪਾਇਆ ਸੀ ਤਾਂ ਸਿਰਫ ਅਤੇ ਸਿਰਫ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਿੱਚ ਬਣੀ ਐੱਨ.ਡੀ.ਏ. ਸਰਕਾਰ ਦੇ ਮੁਖੀ ਸ੍ਰੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੇ ਮਹਿੰਗਾਈ 'ਤੇ ਕਾਬੂ ਪਾਇਆ ਸੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਯੁਵਾ ਮੋਰਚਾ ਦੇ ਜ਼ਿਲ੍ਹਾ ਰੂਪਨਗਰ ਦੇ ਪ੍ਰਧਾਨ ਸ੍ਰੀ ਸੰਜੀਵ ਸ਼ਰਮਾ ਨੇ ਅੱਜ ਦੀ ਅਵਾਜ਼ ਦੇ ਇਸ ਪੱਤਰਕਾਰ ਨਾਲ ਮਹਿੰਗਾਈ ਦੇ ਮੁੱਦੇ ਨੂੰ ਲੈ ਕੇ ਗੱਲਬਾਤ ਦੌਰਾਨ ਸ੍ਰੀ ਸੰਜੀਵ ਸ਼ਰਮਾ ਨੇ ਕਿਹਾ ਕਿ ਮਹਿੰਗਾਈ ਦੇ ਪ੍ਰਤੀ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਦਾ ਇਹ ਹਾਲ ਹੈ ਕਿ ਰੋਮ ਜਲ ਰਿਹਾ ਹੈ ਅਤੇ ਨੀਰੋ ਬੰਸਰੀ ਵਜਾ ਰਹਾ ਹੈ। ਸ੍ਰੀ ਸ਼ਰਮਾ ਨੇ ਕਿਹਾ ਕਿ ਭਾਰਤ ਸਰਕਾਰ ਵਿੱਚ ਖੇਤੀਬਾੜੀ ਮੰਤਰੀ ਮਹਿੰਗਾਈ ਲਈ ਰਾਜਾਂ ਨੂੰ ਵੀ ਦੋਸ਼ੀ ਮੰਨ ਕੇ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਝਾੜ ਰਿਹਾ ਹੈ। ਸ੍ਰੀ ਸ਼ਰਮਾ ਨੇ ਕਿਹਾ ਕਿ ਕਾਂਗਰਸ ਪਾਰਟੀ ਵੱਡੇ-ਵੱਡੇ ਉਦਯੋਗਪਤੀਆਂ ਦੀ ਰਾਜਨੀਤਕ ਪਾਰਟੀ ਹੈ ਅਤੇ ਉਨ੍ਹਾਂ ਨਾਲ ਕੀਤੇ ਰਾਜਨੀਤਕ ਸਮਝੌਤਿਆਂ ਦੇ ਕਾਰਨ ਹੀ ਦੇਸ਼ ਨੂੰ ਮਹਿੰਗਾਈ ਵਰਗੀ ਸਭ ਤੋਂ ਭਿਆਨਕ ਬਿਮਾਰੀ ਦਾ ਸਾਹਮਣਾ ਕਰਨਾ ਹੈ, ਸ੍ਰੀ ਸ਼ਰਮਾ ਨੇ ਕਿਹਾ ਕਿ ਜੇਕਰ ਦੇਸ਼ ਵਿੱਚੋਂ ਮਹਿੰਗਾਈ ਨੂੰ ਖਤਮ ਕਰਨਾ ਹੈ ਤਾਂ ਕਾਂਗਰਸ ਪਾਰਟੀ ਨੂੰ ਦੇਸ਼ ਵਿੱਚੋਂ ਪੂਰੀ ਤਰ੍ਹਾਂ ਸਮਾਪਤ ਕਰਨਾ ਪਵੇਗਾ, ਕਿਉਂਕਿ ਕਾਂਗਰਸ ਪਾਰਟੀ ਦੇਸ਼ ਵਿੱਚੋਂ ਮਹਿੰਗਾਈ ਨੂੰ ਘਟਾਉਣ ਲਈ ਗੰਭੀਰ ਨਹੀਂ ਹੈ।

ਉਨ੍ਹਾਂ ਨੇ ਕਿਹਾ ਕਿ ਅੱਜ ਮਹਿੰਗਾਈ ਦੇ ਕਾਰਨ ਦੇਸ਼ ਦੇ ਕਰੋੜਾਂ ਲੋਕ ਭੁੱਖੇ ਪੇਟ ਸੌਣ ਲਈ ਮਜਬੂਰ ਹਨ, ਕਿਉਂਕਿ ਹਰ ਇੱਕ ਖਾਣ ਪੀਣ ਵਾਲੀ ਵਸਤੂ ਕਰੋੜਾਂ ਗਰੀਬ ਭਾਰਤੀਆਂ ਦੀ ਖਰੀਦ ਦੀ ਪਹੁੰਚ ਤੋਂ ਦੂਰ ਹੈ। ਸ੍ਰੀ ਸ਼ਰਮਾ ਨੇ ਕਿਹਾ ਕਿ ਜੇਕਰ ਅੱਜ ਕਰੋੜਾਂ ਲੋਕ ਭੁੱਖ ਦੇ ਕਾਰਨ ਭੁੱਖੇ ਪੇਟ ਰਾਤ ਨੂੰ ਸੌਣ ਲਈ ਮਜਬੂਰ ਹਨ ਤਾਂ ਉਸ ਦੀ ਜ਼ਿੰਮੇਵਾਰ ਯੂ.ਪੀ.ਏ. ਸਰਕਾਰ ਹੈ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਭਾਰਤ ਵਿੱਚੋਂ ਮਹਿੰਗਾਈ ਨੂੰ ਖਤਮ ਕਰਨ ਲਈ ਵੱਡੇ ਪੱਧਰ 'ਤੇ ਕਦਮ ਉਠਾਵੇ।

ਵਿਦਿਆਰਥੀਆਂ ਨੂੰ ਕੁਦਰਤੀ ਆਫਤਾਂ ਨਾਲ ਨਜਿੱਠਣ ਸਬੰਧੀ ਜਾਣਕਾਰੀ

ਜ਼ੀਰਾ, 20 ਜਨਵਰੀ (ਤਰਸੇਮ ਖੁਰਾਣਾ / ਰਾਜ਼ ਧਮੀਜ਼ਾ)ਜੀਵਨ ਮੱਲ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਜ਼ੀਰਾ ਵਿਖੇ ਇਕ ਸੈਮੀਨਾਰ ਲਗਾ ਕੇ ਵਿਦਿਆਰਥੀਆਂ ਨੂੰ ਕੁਦਰਤੀ ਆਫਤਾਂ ਨਾਲ ਨਜਿੱਠਣ ਦੀ ਜਾਣਕਾਰੀ ਅਤੇ ਟ੍ਰੇਨਿੰਗ ਦਿੱਤੀ ਗਈ। ਪ੍ਰਿੰਸੀਪਲ ਚਮਕੌਰ ਸਿੰਘ ਸਰਾਂ ਦੀ ਪ੍ਰਧਾਨਗੀ ਹੇਠ ਲਗਾਏ ਗਏ ਇਸ ਸੈਮੀਨਾਰ ਦੌਰਾਨ ਡਾ: ਮਨੀਲ ਗਰੋਵਰ, ਸ: ਪੀ.ਪੀ. ਸਿੰਘ, ਸ: ਵਰਿੰਦਰ ਸਿੰਘ ਅਤੇ ਮੈਡਮ ਰਾਜ ਕੌਰ ਨੇ ਸੈਮੀਨਾਰ ਵਿਚ ਇਕੱਤਰ 150 ਦੇ ਕਰੀਬ ਵਿਦਿਆਰਥੀਆਂ ਨੂੰ ਕੁਦਰਤੀ ਆਫਤਾਂ ਨਾਲ ਨਜਿੱਠਣ ਦੀ ਜਾਣਕਾਰੀ ਦਿੱਤੀ। ਇਸ ਮੌਕੇ ਸੈਮੀਨਾਰ ਵਿਚ ਹੋਰਨਾਂ ਤੋਂ ਇਲਾਵਾ ਲੈਕਚਰਾਰ ਚਮਨ ਲਾਲ ਕੌਸ਼ਿਕ, ਲੈਕਚਰਾਰ ਸੁਖਵੰਤ ਸਿੰਘ, ਸ੍ਰੀ ਅਨੁਕੂਲ ਪੰਛੀ, ਮਾਸਟਰ ਮੇਜਰ ਸਿੰਘ, ਮੁਕੰਦ ਸਿੰਘ ਆਦਿ ਉਚੇਚੇ ਤੌਰ 'ਤੇ ਹਾਜ਼ਰ ਸਨ। ਸੈਮੀਨਾਰ ਦੌਰਾਨ ਡਾ: ਮਨੀਲ ਗਰੋਵਰ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਕਿਸ ਤਰ੍ਹਾਂ ਸੜਕ ਹਾਦਸੇ, ਭੂਚਾਲ, ਅਚਾਨਕ ਲੱਗੀ ਅੱਗ, ਹੜ੍ਹ ਆਦਿ ਦੇ ਪ੍ਰਭਾਵਿਤ ਲੋਕਾਂ ਨੂੰ ਮੁਢਲੀ ਸਹਾਇਤੀ ਦੇਣੀ ਹੈ। ਇਸ ਦੌਰਾਨ ਸ: ਪੀ.ਪੀ. ਸਿੰਘ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਕਿਸ ਤਰ੍ਹਾਂ ਅਸੀਂ ਹੜ੍ਹਾਂ ਵਿਚੋਂ ਲੋਕਾਂ ਨੂੰ ਬਾਹਰ ਕੱਢਣਾ ਹੈ। ਇਸ ਮੌਕੇ ਇਕੱਤਰ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਚਮਕੌਰ ਸਿੰਘ ਸਰਾਂ ਨੇ ਕਿਹਾ ਕਿ ਕੁਦਰਤੀ ਆਫਤਾਂ ਮੌਕੇ ਲੋਕਾਂ ਦੀ ਮਦਦ ਕਰਨਾ ਸਾਡਾ ਨੈਤਿਕ ਫਰਜ ਅਤੇ ਅਸਲ ਧਰਮ ਹੈ। ਇਸ ਮੌਕੇ ਇਕੱਤਰ ਵਿਦਿਆਰਥੀਆਂ ਨੇ ਵੀ ਕਿਸੇ ਕੁਦਰਤੀ ਆਫਤ ਮੌਕੇ ਲੋਕਾਂ ਦੀ ਮਦਦ ਦਾ ਪ੍ਰਣ ਲਿਆ।

ਸ਼ੋਭਾ ਯਾਤਰਾ ਦਾ ਆਯੋਜਨ

ਭਵਾਨੀਗੜ੍ਹ, 20 ਜਨਵਰੀ (ਲਖਵਿੰਦਰ ਪਾਲ ਗਰਗ)-ਨੇੜਲੇ ਪਿੰਡ ਘਰਾਚੋਂ ਵਿਖੇ ਦੁਰਗਾ ਮੰਦਰ 'ਚ ਸ੍ਰੀ ਮਦ ਭਾਗਵਤ ਸਪਤਾਹ ਭਗਤੀ ਗਿਆਨ ਯੱਗ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਸ੍ਰੀ ਮਦਭਾਗਵਤ ਦੀ ਸ਼ੋਭਾ ਯਾਤਰਾ ਪੂਰੇ ਪਿੰਡ 'ਚੋਂ ਕੱਢੀ ਗਈ। ਇਸ ਮੌਕੇ ਪਿੰਡ ਦੀਆਂ 51 ਔਰਤਾਂ ਨੇ ਸਿਰ 'ਤੇ ਕਲਸ ਚੁੱਕ ਸ਼ੋਭਾ ਯਾਤਰਾ 'ਚ ਸ਼ਾਮਲ ਹੋਈਆਂ। ਸ਼ੋਭਾ ਯਾਤਰਾ ਅੱਗੇ ਬੈਂਡ ਵਾਜਿਆਂ ਦੀ ਧੁੰਨਾਂ ਦੇ ਨਾਲ-ਨਾਲ ਸਥਾਨਕ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ, ਇੰਡੀਅਨ ਪਬਲਿਕ ਸਕੂਲ ਅਤੇ ਗੁਰੂ ਰਾਮ ਦਾਸ ਪਬਲਿਕ ਸਕੂਲ ਦੇ ਬੱਚਿਆਂ ਨੇ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ।

ਸੜਕ 'ਤੇ ਗੰਦਾ ਪਾਣੀ ਨਗਰ ਕੌਂਸਲ ਦੇ ਦਾਅਵਿਆਂ ਦੀ ਪੋਲ ਖੋਲ੍ਹਣ ਲੱਗਾ

ਭਦੌੜ, 20 ਜਨਵਰੀ (ਬੱਤਾ, ਰੌਕੀ)-ਕਸਬਾ ਭਦੌੜ ਦੀ ਤਿੰਨਕੋਣੀ ਤੋਂ ਪਿੰਡ ਨੈਣੇਵਾਲ ਨੂੰ ਜਾਂਦੀ ਸੜਕ ਦਾਣਾ ਮੰਡੀ ਅਤੇ ਸਬਜ਼ੀ ਮੰਡੀ ਕੋਲੋਂ ਗਲੀਆਂ ਦਾ ਪਾਣੀ ਪੈਣ ਕਾਰਨ ਟੁੱਟ ਚੁੱਕੀ ਹੈ। ਇਸ ਸੜਕ ਉਪਰ ਹਰ ਵਕਤ ਆਵਾਜਾਈ ਰਹਿੰਦੀ ਹੈ ਕਿਉਂਕਿ ਇਹ ਰਾਮਪੁਰਾ ਸ਼ਹਿਰ ਨੂੰ ਜਾਂਦੀ ਸੜਕ ਉੱਪਰ ਐੱਚ.ਸੀ.ਆਈ ਦਾ ਡਿਪੂ, ਚਾਰ ਸ਼ੈਲਰ, ਗੁਰਦੁਆਰਾ ਬਾਬਾ ਭਾਨ ਸਿੰਘ ਅਤੇ ਅਕਾਲ ਅਕੈਡਮੀ ਦੀ ਬਰਾਂਚ ਹੈ, ਇਸ ਅਕੈਡਮੀ ਵਿੱਚ ਲੱਗਭੱਗ 30 ਗੱਡੀਆਂ ਬੱਚਿਆਂ ਨੂੰ ਲੈ ਕੇ ਆਉਂਦੀਆਂ ਹਨ। ਇਸ ਸੜਕ ਦੇ ਟੁੱਟਣ ਕਰਕੇ ਕਦੇ ਵੀ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ। ਅੱਜ ਪੱਤਰਕਾਰਾਂ ਦੀ ਟੀਮ ਨੂੰ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਤਪ ਅਸਥਾਨ ਬਾਬਾ ਭਾਨ ਸਿੰਘ ਦੇ ਮੁੱਖ ਸੇਵਾਦਾਰ ਬਾਬਾ ਚਮਕੌਰ, ਕੋਠੇ ਭਾਨ ਸਿੰਘ ਦੇ ਸਰਪੰਚ ਜਰਨੈਲ ਸਿੰਘ, ਅਕਾਲੀ ਆਗੂ, ਕੁਲਦੀਪ ਸਿੰਘ ਨੈਣੇਵਾਲਾ, ਜਗਤਾਰ ਸਿੰਘ ਬਾਬਾ, ਪੱਤੀ ਵੀਰ ਸਿੰਘ ਦੇ ਪੰਚ ਗੁਰਮੇਲ ਸਿੰਘ, ਜਗਰਾਜ ਸਿੰਘ ਰਾਜਾ ਨੇ ਦੱਸਿਆ ਕਿ ਇਹ ਦੋ ਗਲੀਆਂ ਦਾ ਪਾਣੀ ਪੈਣ ਕਰਕੇ ਟੁੱਟੀ ਹੈ। ਇਨ੍ਹਾਂ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਸੜਕ ਤੇ ਜੋ ਦੋ ਗਲੀਆਂ ਦਾ ਪਾਣੀ ਪੈ ਰਿਹਾ ਹੈ, ਉਹ ਇੱਕ ਨਗਰ ਕੌਂਸਲ ਭਦੌੜ ਅਧੀਨ ਆਉਂਦੀ ਹੈ ਤੇ ਦੂਜੀ ਪੱਤੀ ਵੀਰ ਸਿੰਘ। ਜਦੋਂ ਅਸੀਂ ਪੰਚਾਇਤ ਅਤੇ ਨਗਰ ਕੌਂਸਲ ਦੇ ਧਿਆਨ ਵਿੱਚ ਇਹ ਮਸਲਾ ਲਿਆਂਦਾ ਤਾਂ ਕਿਸੇ ਨੇ ਵੀ ਪਾਣੀ ਦੇ ਨਿਕਾਸ ਕਰਨ ਬਾਰੇ ਨਹੀਂ ਸੋਚਿਆ। ਇਨ੍ਹਾਂ ਨਗਰ ਕੌਂਸਲ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਨਗਰ ਕੌਂਸਲ ਨੇ ਗਲੀਆਂ ਪੱਕੀਆਂ ਕਰਕੇ ਨਾਲੀਆਂ ਤਾਂ ਬਣਾ ਦਿੱਤੀਆਂ, ਪਰ ਘਰਾਂ ਦੇ ਗੰਦੇ ਪਾਣੀ ਨੂੰ ਸੜਕ 'ਤੇ ਜਾਣ ਲਈ ਛੱਡ ਦਿੱਤਾ ਹੈ। ਇਸ ਸੜਕ ਨੂੰ ਬਣੇ ਹਾਲੇ ਸਵਾ ਸਾਲ ਹੀ ਬੀਤਿਆ ਹੈ। ਉਂਝ ਤਾਂ ਨਗਰ ਕੌਂਸਲ ਭਦੌੜ ਨੂੰ ਸੁੰਦਰ ਬਣਾਉਣ ਦੇ ਲੱਖ ਦਾਅਵੇ ਕਰ ਰਿਹਾ ਹੈ। ਪਰ ਇਸ ਨੈਣੇਵਾਲ ਰੋਡ ਉੱਪਰ ਸੜਕਾਂ 'ਤੇ ਫਿਰ ਰਿਹਾ ਗੰਦਾ ਪਾਣੀ ਨਗਰ ਕੌਂਸਲ ਦੇ ਦਾਅਵਿਆਂ ਦੀ ਪੋਲ ਖੋਲ੍ਹ ਰਿਹਾ ਹੈ।

ਨਗਰ ਪੰਚਾਇਤ ਦਫਤਰ ਦੇ ਸਾਹਮਣੇ ਮ੍ਰਿਤਕ ਦੀ ਦੇਹ ਰੱਖ ਕੇ ਵਿਸ਼ਾਲ ਰੋਸ ਮੁਜ਼ਾਹਰਾ

ਦਿੜ੍ਹਬਾ ਮੰਡੀ, 20 ਜਨਵਰੀ (ਡਾ. ਅਸ਼ੋਕ ਸ਼ੈਲੀ)-ਬੀਤੀ ਰਾਤ ਦਿੜ੍ਹਬਾ ਵਿਖੇ ਸਥਾਨਿਕ ਨਗਰ ਪੰਚਾਇਤ ਕਮੇਟੀ ਦੇ ਸਫਾਈ ਸੇਵਕ ਚੇਤ ਸਿੰਘ ਵਾਸੀ ਦਿੜ੍ਹਬਾ ਦੀ ਇੱਕ ਮੋਟਰ ਦੀ ਪੁਲੀ ਦੀ ਲਪੇਟ ਵਿੱਚ ਆਉਣ ਕਾਰਨ ਉਸ ਵਿਅਕਤੀ ਦੀ ਮੌਤ ਹੋ ਗਈ। ਸ੍ਰੀ ਚੇਤ ਸਿੰਘ ਦੀ ਮੌਤ ਤੋਂ ਬਾਅਦ ਅੱਜ ਸਵੇਰੇ ਦਿੜ੍ਹਬਾ ਵਾਸੀਆਂ ਅਤੇ ਸਫਾਈ ਮਜ਼ਦੂਰਾਂ ਵੱਲੋਂ ਸਫਾਈ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸ੍ਰੀ ਦੁਲੀਆ ਰਾਮ ਦੀ ਅਗਵਾਈ ਹੇਠ ਨਗਰ ਪੰਚਾਇਤ ਦਫਤਰ ਦਿੜ੍ਹਬਾ ਦੇ ਸਾਹਮਣੇ ਮ੍ਰਿਤਕ ਸ੍ਰ. ਚੇਤ ਸਿੰਘ ਦੀ ਮ੍ਰਿਤਕ ਦੇਹ ਰੱਖ ਕੇ ਵਿਸ਼ਾਲ ਰੋਸ ਮੁਜ਼ਾਹਰਾ ਕੀਤਾ ਗਿਆ। ਮੁਜ਼ਾਹਰਾਕਾਰੀ ਮੰਗ ਕਰ ਰਹੇ ਸਨ ਕਿ ਮ੍ਰਿਤਕ ਦੇ ਪਰਿਵਾਰ ਨੂੰ ਮਾਲੀ ਮਦਦ ਦਿੱਤੀ ਜਾਵੇ ਅਤੇ ਇਸ ਪਰਿਵਾਰ ਨੂੰ ਨੌਕਰੀ ਦਿੱਤੀ ਜਾਵੇ, ਇਸ ਰੋਸ ਧਰਨੇ ਵਿੱਚ ਸਫਾਈ ਮਜ਼ਦੂਰ ਯੂਨੀਅਨ ਪੰਜਾਬ ਦੇ ਵਾਈਸ ਪ੍ਰਧਾਨ ਰੂਪ ਚੰਦ ਪਰੋਚਾ ਜ਼ਿਲ੍ਹਾ ਚੇਅਰਮੈਨ ਬਾਲ ਕ੍ਰਿਸ਼ਨ ਚੌਹਾਨ ਲਹਿਰਾਗਾਗਾ ਦੇ ਵਾਈਸ ਪ੍ਰਧਾਨ ਭੋਲਾ ਰਾਮ, ਬੀਬੀ ਕੇਸਰੀ ਦੇਵੀ, ਪਾਲਾ ਰਾਮ ਧੂਰੀ, ਸੰਜੀਵ ਕੁਮਾਰ ਮਾਨਸਾ ਆਦਿ ਵਿਅਕਤੀ ਹਾਜ਼ਰ ਸਨ।

ਉਧਰ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਫਾਈ ਸੇਵਕ ਦੀ ਟੈਕਨੀਕਲ ਅਤੇ ਮਕੈਨੀਕਲ ਪੋਸਟ ਨਹੀਂ ਹੈ, ਜਿਸ ਕਰਕੇ ਸਫਾਈ ਸੇਵਕ ਦੇ ਦਰ ਵਿੱਚ ਇਹ ਕੰਮ ਨਹੀਂ ਆਉਂਦਾ ਪ੍ਰੰਤੂ ਚੇਤ ਸਿੰਘ ਦੀ ਮੌਤ ਇੱਕ ਮੋਟਰ ਬੰਦ ਕਰਨ ਦੌਰਾਨ ਹੋਈ ਹੈ, ਜਿਸ ਕਰਕੇ ਸਮੂਹ ਮਜ਼ਦੂਰ ਯੂਨੀਅਨ ਨੇ ਮੰਗ ਰੱਖੀ ਸੀ ਕਿ ਉਸ ਦੇ ਪਰਿਵਾਰ ਨੂੰ ਪੱਕੀ ਨੌਕਰੀ ਦਿੱਤੀ ਜਾਵੇ ਅਤੇ ਮਾਇਕ ਸਹਾਇਤਾ ਦਿੱਤੀ ਜਾਵੇ। ਪ੍ਰੰਤੂ ਡਿਪਟੀ ਕਮਿਸ਼ਨਰ ਸੰਗਰੂਰ ਵੱਲੋਂ ਐੱਸ.ਡੀ.ਐੱਮ. ਸੁਨਾਮ ਰਾਹੀਂ ਦਿੱਤੇ ਗਏ ਭਰੋਸੇ ਤੋਂ ਬਾਅਦ ਇਹ ਰੋਸ ਧਰਨਾ ਚੁਕਿਆ ਗਿਆ। ਐੱਸ.ਡੀ.ਐੱਮ. ਸੁਨਾਮ ਸ੍ਰ. ਬਲਦੇਵ ਸਿੰਘ ਨੇ ਦੱਸਿਆ ਕਿ ਇਸ ਪਰਿਵਾਰ ਦੀ ਸਹਾਇਤਾ ਲਈ ਕਮੇਟੀ ਦੇ ਮੈਂਬਰਾਂ ਨੇ ਅੱਜ ਇੱਕ ਮੀਟਿੰਗ ਕਰਕੇ ਮਤਾ ਪਾ ਲਿਆ ਹੈ, ਜਿਸ ਵਿੱਚ ਮ੍ਰਿਤਕ ਵਿਅਕਤੀ ਦੇ ਪਰਿਵਾਰ ਨੂੰ ਰੈਗੂਲਰ ਨੌਕਰੀ ਦੇਣ ਲਈ ਸਰਵ-ਸੰਮਤੀ ਦਿੱਤੀ ਗਈ ਹੈ। ਉਧਰ ਕਾਰਜ ਸਾਧਕ ਅਫਸਰ ਸ੍ਰ. ਸੁਖਦੇਵ ਸਿੰਘੇ ਕੰਬੋਜ ਨੇ ਦੱਸਿਆ ਕਿ ਕਮੇਟੀ ਵੱਲੋਂ ਇੱਕ ਮਤਾ ਪਾ ਕੇ ਡੀ.ਸੀ. ਸੰਗਰੂਰ ਨੂੰ ਭੇਜਿਆ ਗਿਆ ਹੈ।

ਇਸ ਮੌਕੇ ਕਮੇਟੀ ਮੈਂਬਰਾਂ 51 ਹਜ਼ਾਰ ਰੁਪਏ ਇਕੱਠਾ ਕਰਕੇ ਐੱਸ.ਡੀ.ਐੱਮ. ਦੀ ਹਾਜ਼ਰੀ ਵਿੱਚ ਦਿੱਤਾ ਗਿਆ। ਇਸ ਮੌਕੇ ਨਾਇਬ ਤਹਿਸੀਲਦਾਰ ਸ੍ਰ. ਜਸਵਿੰਦਰ ਸਿੰਘ ਖਹਿਰਾ ਨਗਰ ਪੰਚਾਇਤ ਕਮੇਟੀ ਦੇ ਐਕਟਿੰਗ ਪ੍ਰਧਾਨ ਸ੍ਰ. ਸਤਨਾਮ ਸਿੰਘ ਸੱਤਾ ਪ੍ਰਧਾਨ ਜੱਗਾ ਦਾਸ, ਡਾ. ਅਸ਼ੋਕ ਕੁਮਾਰ ਸ਼ੈਲੀ, ਜਸਵੀਰ ਸਿੰਘ ਐੱਮ.ਸੀ., ਮੇਲਾ ਸਿੰਘ ਐੱਮ.ਸੀ., ਰਾਜੇਸ਼ ਐੱਮ.ਸੀ., ਹਰੀ ਸਿੰਘ ਐੱਮ.ਸੀ., ਰਜਿੰਦਰ ਸਿੰਘ ਐੱਮ.ਸੀ., ਪਵਨ ਕਨੌਰਾ ਐੱਮ.ਸੀ., ਸ੍ਰ. ਲਖਵੀਰ ਸਿੰਘ ਟਿਵਾਣਾ ਇੰਸਪੈਕਟਰ ਥਾਣਾ ਦਿੜ੍ਹਬਾ, ਜੱਸੀ ਨੰਬਰਦਾਰ ਕਲੱਬ ਪ੍ਰਧਾਨ ਸ੍ਰ. ਗੁਰਮੇਲ ਸਿੰਘ ਦਿੜ੍ਹਬਾ, ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਸ੍ਰ. ਅਵਤਾਰ ਸਿੰਘ ਭੋਲਾ, ਕੀਮਤੀ ਲਾਲ ਐੱਮ.ਸੀ., ਸ੍ਰ. ਜ਼ਿਲੇ ਸਿੰਘ ਦਿੜ੍ਹਬਾ ਹਾਜ਼ਰ ਸਨ।

ਗੁਰੂ ਅਮਰ ਦਾਸ ਪਬਲਿਕ ਸਕੂਲ ਮਾਡਲ ਟਾਊਨ ਵਿਖੇ ਬਸੰਤ ਪੰਚਮੀ ਦਾ ਤਿਉਹਾਰ ਆਯੋਜਿਤ

ਜਲੰਧਰ, 20 ਜਨਵਰੀ (ਮਲਕੀਤ ਸਿੰਘ ਬਰਾੜ)-ਅੱਜ ਗੁਰੂ ਅਮਰ ਦਾਸ ਪਬਲਿਕ ਸਕੂਲ ਮਾਡਲ ਟਾਊਨ ਜਲੰਧਰ ਬੱਚਿਆਂ ਨੇ ਬਸੰਤ ਰੁੱਤ ਨੂੰ ਜੀ ਆਇਆਂ ਆਖਦਿਆਂ ਰੰਗ ਬਿਰੰਗੇ ਗੁਬਾਰੇ ਅਕਾਸ਼ ਵਿੱਚ ਉਡਾਏ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਹਰਮਿੰਦਰਜੀਤ ਕੌਰ ਚਾਵਲਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਬਸੰਤ ਪੰਚਮੀ ਦਾ ਤਿਉਹਾਰ ਸਾਨੂੰ ਵੀਰ ਹਕੀਕਤ ਰਾਏ ਵਰਗੇ ਮਹਾਨ ਸ਼ਹੀਦ ਦੀ ਯਾਦ ਦੁਆਉਂਦਾ ਹੈ। ਇਸੇ ਦਿਨ ਮਹਾਰਾਜਾ ਰਣਜੀਤ ਸਿੰਘ ਜੀ ਖਾਲਸਾ ਫੌਜ ਦੇ ਬਹਾਦਰ ਜਰਨੈਲ ਸ੍ਰ. ਸ਼ਾਮ ਸਿੰਗ ਅਟਾਰੀ ਵਾਲੇ ਨੇ ਸਭਰਾਵਾਂ ਦੇ ਮੈਦਾਨ ਵਿੱਚ ਸ਼ਹੀਦੀ ਪ੍ਰਾਪਤ ਕੀਤੀ ਸੀ।

ਗੁਰੂ ਅਮਰਦਾਸ ਪਬਲਿਕ ਸਕੂਲ ਮਾਡਲ ਟਾਊਨ ਜਲੰਧਰ ਦੇ ਪ੍ਰਿੰਸੀਪਲ ਸ੍ਰੀਮਤੀ ਹਰਮਿੰਦਰਜੀਤ ਕੌਰ ਚਾਵਲਾ, ਸਟਾਫ ਅਤੇ ਵਿਦਿਆਰਥੀ ਬਸੰਤ ਰੁੱਤ ਨੂੰ ਜੀ ਆਇਆਂ ਆਖਦੇ ਗੁਬਾਰੇ ਅਤੇ ਪਤੰਗ ਉਡਾਉਂਦੇ ਹੋਏ।

ਇਸ ਸਮੇਂ 6ਵੀਂ ਡੀ ਜਮਾਤ ਦੀ ਵਿਦਿਆਰਥਣ ਅਕਸ਼ੀ ਤਲਵਾੜ ਨੇ 'ਬਸੰਤ' ਨਾਂਅ ਦੀ ਕਵਿਤਾ ਪੇਸ਼ ਕੀਤੀ। ਇਸ ਪਿੱਛੋਂ ਸ੍ਰੀਮਤੀ ਸਤਨਾਮ ਕੌਰ ਪੰਜਾਬੀ ਅਧਿਆਪਕਾ ਨੇ ਇਸ ਤਿਉਹਾਰ ਦੀ ਇਤਿਹਾਸਕ ਮਹੱਤਤਾ ਦੱਸਦੇ ਹੋਏ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਸਮੂਹ ਨਾਚ 'ਬਸੰਤੀ ਚੋਲਾ' ਪੇਸ਼ ਕੀਤਾ ਗਿਆ। ਪ੍ਰੋਗਰਾਮ ਦੇ ਅੰਤਰ ਵਿੱਚ ਪੇਸ਼ ਕੀਤੇ ਭੰਗੜੇ ਨੇ ਸਾਰੇ ਵਿਦਿਆਰਥੀਆਂ ਨੂੰ ਨੱਚਣ ਟੱਪਣ ਲਈ ਮਜਬੂਰ ਕਰ ਦਿੱਤਾ। ਇਸ ਸਮੇਂ ਬੱਚਿਆਂ ਨੇ ਰੰਗ ਬਿਰੰਗੀਆਂ ਪਤੰਗਾਂ ਨੂੰ ਉਡਾਉਣ ਦਾ ਵੀ ਆਨੰਦ ਮਾਣਿਆ।

'ਬਸੰਤ ਪੰਚਮੀ' ਨੂੰ ਸਮਰਪਿਤ ਇੱਕ ਰੰਗਾ ਰੰਗ ਪ੍ਰੋਗਰਾਮ ਆਯੋਜਿਤ ਕੀਤਾ ਗਿਆ, ਜਿਸ ਦਾ ਆਰੰਭ ਸਕੂਲ ਦੇ ਬੱਚਿਆਂ ਦੁਆਰਾ ਗਾਏ ਸ਼ਬਦ 'ਤੁਮ ਸਾਚੁ ਧਿਆਵਹੁ ਮੁਗਧ ਮਨਾ' ਰਾਹੀਂ ਕੀਤਾ ਗਿਆ। ਇਸ ਸਮੇਂ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਹਰਮਿੰਦਰਜੀਤ ਕੌਰ ਚਾਵਲਾ, ਸ੍ਰ. ਐੱਚ.ਐੱਸ. ਰੰਧਾਵਾ ਪ੍ਰਸ਼ਾਸਨਿਕ ਕਮ ਅਕਾਊਟ ਅਫਸਰ, ਸਟਾਫ ਅਤੇ

ਨਾਟਕ ਪੇਸ਼ਕਾਰੀ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ

ਅੰਮ੍ਰਿਤਸਰ, 20 ਜਨਵਰੀ (ਮੋਤਾ ਸਿੰਘ)-ਭਾਰਤ ਸਰਕਾਰ ਵੱਲੋਂ ਭੁਵਨੇਸ਼ਵਰ (ਉੜੀਸਾ) ਵਿੱਚ ਕਰਵਾਏ ਗਏ 15ਵੇਂ ਰਾਸ਼ਟਰੀ ਯੁਵਕ ਮੇਲੇ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਸਬੰਧਿਤ ਡੀ.ਏ.ਵੀ. ਕਾਲਜ ਜਲੰਧਰ ਦੀ ਨਾਟਕ ਦੀ ਟੀਮ ਨੇ ਦੂਜਾ ਸਥਾਨ ਹਾਸਲ ਕਰਕੇ ਨਕਦ ਇਨਾਮ ਜਿੱਤਿਆ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਡਾਇਰੈਕਟਰ ਯੁਵਕ ਭਲਾਈ, ਡਾ. ਜਗਜੀਤ ਕੌਰ ਨੇ ਦੱਸਿਆ ਕਿ ਇਸ ਫੈਸਟੀਵਲ ਵਿੱਚ ਯੂਨੀਵਰਸਿਟੀ ਦੀ ਟੀਮ ਨੇ ਪੰਜਾਬ ਦੀ ਨੁਮਾਇੰਦਗੀ ਕੀਤੀ ਤੇ ਨਾਟਕ ਦੀ ਵਧੀਆ ਪੇਸ਼ਕਾਰੀ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ 15 ਹਜ਼ਾਰ ਰੁਪਏ ਦਾ ਨਕਦ ਪੁਰਸਕਾਰ ਜਿੱਤਿਆ।

ਸ੍ਰੀ ਮਦ ਭਗਵਤ ਸਪਤਾਹ ਦੇ ਭੋਗ ਪਾਏ

ਤਪਾ ਮੰਡੀ, 20 ਜਨਵਰੀ (ਯਾਦੂ ਭੁੱਲਰ)-ਸਥਾਨਿਕ ਬਾਬਾ ਮੱਠ ਦੇ ਜਨਮ ਦਿਹਾੜੇ ਉਪਰੰਤ ਪਿਛਲੀ ਦਿਨੀਂ ਖੁੱਲ੍ਹੇ ਸ੍ਰੀ ਮਦ ਭਗਵਤ ਸਪਤਾਹ ਦੇ ਭੋਗ ਅੱਜ ਪੂਰਨ ਹਿੰਦੂ ਰੀਤੀ ਰਿਵਾਜ ਮੁਤਾਬਿਕ ਸ਼ਰਧਾਪੂਰਨ ਪਾਏ ਗਏ, ਇਸ ਉਪਰੰਤ ਪੰਚਾਇਤ ਮੰਦਰ ਦੇ ਸੰਚਾਲਕ ਪੰਡਕ ਭੋਲਾ ਰਾਮ ਜੀ ਨੇ ਭਗਵਾਨ ਸ੍ਰੀ ਕ੍ਰਿਸ਼ਨ ਦੇ ਜੀਵਨ ਉਪਰੰਤ ਸੰਗਤਾਂ ਨੂੰ ਚਾਨਣਾ ਪਾਇਆ। ਇਸ ਉਪਰੰਤ ਭੰਡਾਰਾ ਅਟੁੱਟ ਵਰਤਿਆ। ਇਸ ਮੌਕੇ ਸਮੂਹ ਸ਼ਰਧਾਚਾਰੀਆ ਵਿੱਚ ਮਹੰਤ ਪ੍ਰੀਤਮ ਦਾਸ, ਮਹੰਤ ਵਰਖਾ ਦਾਸ, ਮਹੰਤ ਮਹਿੰਦਰ ਦਾਸ, ਮਹੰਤ ਪ੍ਰਮਜੀਤ ਦਾਸ, ਮਹੰਤ ਬੀਰੂ ਦਾਸ, ਮਹੰਤ ਬਲਰਾਜ ਵਕੀਲ, ਮਹੰਤ ਪ੍ਰੇਮ ਦਾਸ, ਮਹੰਤ ਬ੍ਰਿਛ ਭਾਨ, ਮਹੰਤ ਬਿੱਟੂ ਦਾਸ, ਮਹੰਤ ਸੋਨਾ ਦਾਸ, ਮਹੰਤ ਹਜ਼ਾਰੀ ਦਾਸ, ਮਹੰਤ ਹਰਜੋਤ ਦਾਸ, ਮਹੰਤ ਨਵੀਂ ਦਾਸ ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

ਪੰਜਾਬੀ ਸਾਹਿਤ ਸਭਾ ਜ਼ੀਰਾ ਦੀ ਮਾਸਿਕ ਇਕੱਤਰਤਾ ਹੋਈ

ਜ਼ੀਰਾ, 20 ਜਨਵਰੀ (ਤਰਸੇਮ ਖੁਰਾਣਾ / ਰਾਜ਼ ਧਮੀਜ਼ਾ) ਪੰਜਾਬੀ ਸਾਹਿਤ ਸਭਾ ਜ਼ੀਰਾ ਦੀ ਮਾਸਿਕ ਇਕੱਤਰਤਾ ਸ੍ਰੀ ਦੀਪ ਜੀਰਵੀਂ ਦੀ ਪ੍ਰਧਾਨਗੀ ਹੇਠ ਜੀਵਨ ਮੱਲ ਸੀ. ਸੈਕੰ. (ਲੜਕਿਆਂ ਵਾਲਾ) ਨੇੜੇ ਬੱਸ ਸਟੈਂਡ ਜ਼ੀਰਾ ਵਿਖੇ ਹੋਈ, ਸਭਾ ਵਿਚ ਸਭ ਤੋਂ ਪਹਿਲਾਂ ਸਭਾ ਪ੍ਰਧਾਨ ਸ੍ਰੀ ਵੀਰਭਾਨ ਨਾਰੰਗ ਜੀ ਦੇ ਛੋਟੇ ਭਰਾ ਸ੍ਰੀ ਰਾਮ ਲੁਭਾਇਆ ਜੀ ਦੇ ਅਚਾਨਕ ਸਦੀਵੀ ਵਿਛੋੜਾ ਦੇ ਜਾਣ 'ਤੇ ਡੂੰਘਾ ਸੋਗ ਪ੍ਰਗਟ ਕੀਤਾ ਗਿਆ। ਇਸ ਸਭਾ ਵਿਚ ਸ੍ਰੀ ਦੀਪ ਜੀਰਵੀਂ, ਕੁਲਵੰਤ ਜ਼ੀਰਾ, ਵਰਿੰਦਰ ਜ਼ੀਰਾ, ਲਵਲੀ ਢੱਲ, ਸੁਖਵਿੰਦਰ ਸੁੱਖ, ਰਜਿੰਦਰ ਔਲਖ, ਰਾਜ ਕੁਮਾਰ ਅਰੋੜਾ, ਬਲਵਿੰਦਰ ਬਿੱਲਾ, ਹਰੀ ਸਿੰਘ ਸੰਧੂ, ਮੇਜਰ ਸਿੰਘ ਪਨੇਸਰ, ਬਲਵੰਤ ਸਿੰਘ, ਮੇਜਰ ਰਟੌਲ ਬੇਟ, ਪਰਮਜੀਤ ਬਰਾੜ, ਗੁਰਨਾਮ ਢਿੱਲੋਂ, ਸੁਖਚਰਨ ਸਿੰਘ ਸਿੱਧੂ, ਰੋਹਿਤ ਭਾਟੀਆ, ਸਤਪਾਲ ਸਿੰਘ ਆਦਿ ਸਾਥੀਆਂ ਨੇ ਹਿੱਸਾ ਲਿਆ।

ਗਊਸ਼ਾਲਾ ਦੇ ਸ਼ੈੱਡਾਂ ਦਾ ਨੀਂਹ ਪੱਥਰ ਰੱਖਿਆ

ਤਪਾ ਮੰਡੀ, 20 ਜਨਵਰੀ (ਯਾਦੂ ਭੁੱਲਰ)-ਸਥਾਨਿਕ ਬਾਬ ਬਲਵੰਤ ਮੁਨੀ ਜੀ ਅਨਾਥ ਗਊਸ਼ਾਲਾ ਦੇ ਸ਼ੈੱਡਾਂ ਲਈ ਸ਼ਹਿਰ ਦੇ ਹੀ ਦੋ ਦਾਨੀਪੁਰਸ਼ ਪਰਿਵਾਰ ਸਾਹਮਣੇ ਆ ਗਏ ਹਨ, ਜਿਨ੍ਹਾਂ ਵਿੱਚ ਸਰਦਾਰਨੀ ਗੁਰਦਿਆਲ ਕੌਰ, ਜਰਨੈਲ ਸਿਘ ਚੱਠਾ ਵੱਲੋਂ ਇੱਕ 15×51 ਦੇ ਸ਼ੈੱਡ ਲਈ 2 ਲੱਖ ਇੱਕ ਹਜ਼ਾਰ ਰੁਪਏ ਦੀ ਰਾਸ਼ੀ ਅਤੇ ਦੂਸਰੇ ਗਊਆਂ ਦੀ ਸੰਭਾਲ ਲਈ ਸ਼ੈਡ ਬਣਾਉਣ ਲਈ ਸਵਰਗੀ ਬਨਾਰਸੀ ਦਾਸ ਸਿੰਗਲਾ ਪੁੱਤਰ ਸ਼ੰਕਰ ਲਾਲ, ਮਦਨ ਲਾਲ (ਮਨੀ) ਨੇ ਇਸ ਸ਼ੈੱਡ ਨੂੰ ਬਣਾਉਣ ਲਈ ਪੂਰਾ ਖਰਚ ਦੇਣ ਦਾ ਵਾਅਦਾ ਪ੍ਰਬੰਧਕ ਪਾਰਟੀ ਨਾਲ ਕੀਤਾ, ਪੂਰੇ ਧਾਰਮਿਕ ਰੀਤੀ ਰਿਵਾਜਾਂ ਮੁਤਾਬਿਕ ਇਨ੍ਹਾਂ ਦੋਹਾਂ ਸ਼ੈੱਡਾਂ ਦੇ ਨੀਂਹ ਪੱਥਰ ਰੱਖੇ ਗਏ, ਇਸ ਨੀਂਹ ਪੱਥਰ ਉਪਰੰਤ ਮਹੰਤ ਭਗਵਾਨ ਦਾਸ ਜੀ (ਜੁਆਲਾ ਜੀ ਵਾਲੇ) ਡੇਰਾ ਸੰਚਾਲਕ ਬਾਬਾ ਇੰਦਰਦਾਸ ਅਤੇ ਬਾਬਾ ਦਰਸ਼ਨ ਮੁਨੀ (ਭੀਖੀ ਵਾਲੇ) ਵੀ ਉਚੇਤੇ ਤੌਰ 'ਤੇ ਪੁੱਜੇ, ਗਊਸ਼ਾਲਾ ਪ੍ਰਬੰਧਕ ਕਮੇਟੀ ਅਤੇ ਦਾਨੀ ਪਰਿਵਾਰਾਂ ਵੱਲੋਂ ਦੋਹਾਂ ਬਾਬਿਆਂ ਨੂੰ ਵਸਤਰ ਵੀ ਦਿੱਤੇ ਗਏ। ਇਸ ਸਭ ਕੰਮ ਦੀ ਚਾਰੇ ਪਾਸਿਓਂ ਪ੍ਰਸ਼ੰਸ਼ਾ ਹੋ ਰਹੀ ਹੈ। ਅਜਿਹੇ ਹੋਰ ਦਾਨੀ ਪਰਿਵਾਰਾਂ ਦੇ ਵੀ ਸਾਹਮਣੇ ਆਉਣ ਦੇ ਅਸਾਰ ਬਣ ਗਏ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਪ੍ਰਧਾਨ ਨਾਗਰ ਸਿੰਘ ਕਾਗੋ, ਨੰਬਰਦਾਰ ਜਗਤਾਰ ਸਿੰਘ, ਜਰਨੈਲ ਸਿੰਘ ਲਾਕੇ ਵਾਲਾ, ਜਗਤ ਸਿੰਘ ਚੱਠਾ, ਭੋਲਾ ਸਿੰਘ ਚੱਠਾ, ਤੋਤਾ ਸਿੰਘ, ਮਿੱਤ ਸਿੱਘ, ਸੁਖਚੈਨ ਸਿੰਘ, ਗੁਰਦੇਵ ਸਿੰਘ, ਵਿਜੈ ਕੁਮਾਰ, ਗੁਰਜੰਟ ਸਿੰਘ, ਗੁਰਚਰਨ ਸਿੰਘ ਨੰਬਰਦਾਰ, ਦਵਿੰਦਰ ਦੀਕਸ਼ਤ (ਟੀਟੂ), ਕਾਲਾ ਮਹਿਤਾ, ਰਾਜਿੰਦਰ ਸਿੰਘ, ਭਗਤ ਸਿੰਘ ਚੱਠਾ, ਚਰਨ ਦਾਸ, ਸਤਨਾਮ ਸਿੰਘ ਠੋਕਾ, ਡਾ. ਜਗਦੇਵ ਸਿੰਘ, ਜਮਰਾਜ ਸਿੰਘ, ਗੁਰਪ੍ਰੀਤ ਸਿੰਘ, ਅਜੈਬ ਸਿੰਘ, ਮੰਗਲ ਸਿੰਘ, ਬਸੰਤ ਕੁਮਾਰ (ਭੋਲਾ) ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਗਊ ਸੇਵਕ ਹਾਜ਼ਰ ਸਨ।

ਪਸਵਕ ਕਮੇਟੀ ਦੀ ਮੀਟਿੰਗ ਆਯੋਜਿਤ

ਨੂਰਪੁਰ ਬੇਦੀ, 20 ਜਨਵਰੀ (ਪੱਤਰ ਪ੍ਰੇਰਕ)-ਡੀ.ਜੀ.ਐੱਸ.ਵੀ. ਦਿਸ਼ਾ ਨਿਰਦੇਸ਼ਾਂ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਰਾਮਪੁਰ ਕਲਾਂ-2 ਵਿੱਚ ਪਸਵਕ ਕਮੇਟੀ ਦੀ ਮੀਟਿੰਗ ਕੀਤੀ ਗਈ, ਜਿਸ ਵਿੱਚ ਸੀ.ਐੱਮ.ਟੀ. ਸ੍ਰੀ ਹਰਕੇਸ਼ ਕੁਮਾਰ ਨੇ 'ਪੜ੍ਹੋ ਪੰਜਾਬ' ਪੜ੍ਹੋ ਪੰਜਾਬ ਦੇ ਮੈਟੀਰੀਅਲ ਤੇ ਰੀਡਿੰਗ ਸੈੱਲ ਬਾਰੇ ਜਾਣਕਾਰੀ ਦਿੱਤੀ ਅਤੇ ਪੜ੍ਹੋ ਪੰਜਾਬ ਦੀਆਂ ਬੱਚਿਆਂ ਨੂੰ ਕਿਤਾਬਾਂ ਦਿੱਤੀਆਂ ਅਤੇ ਬਜ਼ੁਰਗਾਂ ਅਤੇ ਔਰਤਾਂ ਨੂੰ ਪਸਵਕ ਕਮੇਟੀ ਦੁਆਰਾ ਪੜ੍ਹਾਏ ਜਾਣ ਦੀ ਜਾਣਕਾਰੀ ਦਿੱਤੀ। ਜਿਸ ਵਿੱਚ ਰਾਮਪੁਰ ਕਲਾਂ-2 ਦੇ ਚੇਅਰਮੈਨ ਗੁਰਮੀਤ ਚੰਦ, ਸਰਪੰਚ ਚੌਧਰੀ ਰੋਸ਼ਨ ਲਾਲ, ਸ਼ੀਲਾ ਦੇਵੀ, ਕਾਂਤਾ ਦੇਵੀ, ਹਰਿਮੰਦਰ ਕੌਰ, ਸਕੂਲ ਦੇ ਟੀਚਰ ਮਾਸਟਰ ਬਲਮ ਸਿੰਘ ਬੈਂਸ ਕਲਵਾਂ, ਮਾਸਟਰ ਜਗਤਾਰ ਸਿੰਘ ਤੇ ਮੈਡਮ ਹਰਜਿੰਦਰ ਕੌਰ ਹਾਜ਼ਰ ਸਨ। ਇਸੇ ਤਰ੍ਹਾਂ ਮਿਡਲ ਸਕੂਲ ਦੀ ਪਸਵਕ ਕਮੇਟੀ ਨੇ ਸ਼ਮੂਲੀਅਤ ਕੀਤੀ।

ਵੱਧਦੀ ਮਹਿੰਗਾਈ ਸਰਕਾਰ ਦੀਆਂ ਗਲਤ ਨੀਤੀਆਂ ਦਾ ਸਿੱਟਾ

ਮਹਿਲ ਕਲਾਂ, 20 ਜਨਵਰੀ (ਬਲਵਿੰਦਰ ਸਿੰਘ ਵਜੀਦਕੇ)-ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਦੇ ਤਹਿਸੀਲ ਸਕੱਤਰ ਖੁਸ਼ੀਆਂ ਸਿੰਘ, ਸਹਾਇਕ ਸਕੱਤਰ ਪ੍ਰੀਤਮ ਸਿੰਘ ਦਰਦੀ, ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਜਗਰਾਜ ਸਿੰਘ ਰਾਮਾ ਅਤੇ ਅਵਤਾਰ ਸਿੰਘ ਬੱਬੀ ਰਾਏਸਰ ਨੇ ਸਾਂਝੇ ਬਿਆਨ ਰਾਹੀਂ ਕੇਂਦਰ ਅਤੇ ਸੂਬਾ ਸਰਕਾਰਾਂ ਉੱਪਰ ਹਰ ਫਰੰਟ 'ਤੇ ਫੇਲ੍ਹ ਹੋਣ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਅਸਮਾਨੀ ਛੂਹ ਰਹੀ ਕਹਿਰ ਦੀ ਮਹਿੰਗਾਈ ਦੀ ਮਾਰ ਹੇਠ ਆ ਕੇ ਲੋਕਾਂ ਦੀ ਕਮਰ ਟੁੱਟ ਗਈ ਹੈ, ਪਰ ਇਸ ਉੱਪਰ ਕਾਬੂ ਪਾਉਣ ਦੀ ਬਜਾਏ ਦੋਵੇਂ ਸਰਕਾਰਾਂ ਕੋਈ ਕਦਮ ਪੁੱਟੇ ਜਾਣ ਦੀ ਥਾਂ ਇੱਕ ਦੂਜੇ ਨੂੰ ਜ਼ਿੰਮੇਵਾਰ ਠਹਿਰਾ ਕੇ ਭੰਡਣ ਵਿੱਚ ਗਲਤਾਨ ਹਨ ਉਨ੍ਹਾਂ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਨੇ ਬਦਲ-ਬਦਲ ਕੇ ਰਾਜ ਕਰਕੇ ਦੇਸ਼ ਦੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਜਿਵੇਂ ਸਿਹਤ, ਸਿੱਖਿਆ, ਰੁਜ਼ਗਾਰ ਦਾ ਕੋਈ ਠੋਸ ਪ੍ਰਬੰਧਕ ਕਰਨ ਵੱਲ ਕਦੇ ਵੀ ਧਿਆਨ ਨਹੀਂ ਦਿੱਤਾ ਸਗੋਂ ਵਾਅਦਿਆਂ ਤੇ ਲਾਰਿਆਂ ਨਾਲ ਮਨ ਪ੍ਰਚਾਈ ਰੱਖਿਆ ਹੈ। ਕਮਿਊਨਿਸਟ ਆਗੂਆਂ ਨੇ ਕਿਹਾ ਕਿ ਲੋਕਾਂ ਨੇ ਕਾਂਗਰਸ, ਅਕਾਲੀ-ਭਾਜਪਾ ਸਰਕਾਰਾਂ ਦੀ ਕਾਰਗੁਜ਼ਾਰੀ ਵੇਖ ਲਈ ਹੈ। ਹੁਣ ਅਗਲੇ ਦਿਨਾਂ ਵਿੱਚ ਇਨ੍ਹਾਂ ਦੋਹਾਂ ਦੀ ਉਤਰ ਕਾਟੋ ਮੈਂ ਚੜ੍ਹਾਂ ਦੀ ਨੀਤੀ ਨੂੰ ਨਕਾਰ ਕੇ ਲੋਕ ਹਿਤੈਸ਼ੀ ਤੀਜਾ ਬਦਲ ਸਾਹਮਣੇ ਲਿਆਂਦਾ ਜਾਵੇਗਾ, ਜੋ ਲੰਬੇ ਸਮੇਂ ਤੋਂ ਲਮਕਦੀਆਂ ਮੁਸ਼ਕਿਲਾਂ ਦਾ ਹੱਲ ਹੋ ਸਕੇ।

ਮਰਹੂਮ ਜਯੋਤੀ ਬਾਸੂ ਦੀ ਯਾਦ ਵਿੱਚ ਲੋਕ ਸਭਾ ਦਾ ਆਯੋਜਿਨ

ਮਹਿਲ ਕਲਾਂ, 20 ਜਨਵਰੀ (ਬਲਵਿੰਦਰ ਸਿੰਘ ਵਜੀਦਕੇ)-ਭਾਈ ਘਨੱਈਆ ਕੌਮੀ ਸੇਵਾ ਯੋਜਨਾ ਯੂਨਿਟ, ਦਸਮੇਸ਼ ਯੂਥ ਕਲੱਬ ਬਿਲਾਸਪੁਰ ਅਤੇ ਐੱਨ.ਸੀ.ਸੀ. ਗਰੁੱਪ ਦੇ ਵਲੰਟੀਅਰਾਂ ਨੇ ਦਸਮੇਸ਼ ਪਬਲਿਕ ਸੀਨੀਅਰ ਸੈਕੰਡੀਰ ਸਕੂਲ ਬਿਲਾਸਪੁਰ ਦੇ ਸਟਾਫ ਨਾਲ ਮਿਲ ਕੇ ਸਕੂਲ ਮੁੱਖੀ ਦੀ ਅਗਵਾਈ ਹੇਠ ਸ਼ੋਕ ਸਭਾ ਕਰਕੇ ਜਯੋਤੀ ਬਾਸੂ ਸਾਬਕਾ ਮੁੱਖ ਮੰਤਰੀ ਪੱਛਮੀ ਬੰਗਾਲ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਇਸ ਮੌਕੇ ਬੋਲਦਿਆਂ ਪ੍ਰਿੰਸੀਪਲ ਮਹਿੰਦਰ ਕੌਰ ਢਿੱਲੋਂ, ਗੁਰਚਰਨ ਸਿੰਘ ਰਾਮਾ ਅਤੇ ਕਰਮਜੀਤ ਸਿੰਘ ਨੇ ਕਿਹਾ ਕਿ ਕਾਮਰੇਡ ਜਯੋਤੀ ਬਾਸੂ ਇਮਾਨਦਾਰ, ਬੇਦਾਗ਼, ਸੁਲਝੇ ਹੋਏ ਅਤੇ ਲੋਕ ਹਿਤੈਸ਼ੀ ਆਗੂ ਸਨ, ਜਿਨ੍ਹਾਂ ਨੇ ਦੇਸ਼ ਦੀ ਸਿਆਸਤ ਨੂੰ ਉਸਾਰੂ ਦਿਸ਼ਾ ਪ੍ਰਦਾਨ ਕੀਤੀ। ਦੇਸ਼ ਦੇ ਲੋਕ ਉਨ੍ਹਾਂ ਦੀ ਲਾਸਾਨੀ ਸੇਵਾਵਾਂ ਨੂੰ ਸਦਾ ਯਾਦ ਰੱਖੇਗਾ। ਇਸ ਮੌਕੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਵਿਛੜੇ ਆਗੂ ਨੂੰ ਅਕੀਦਤ ਦੇ ਫੁੱਲ ਅਰਪਿਤ ਕੀਤੇ। ਚੇਤਨਾ ਵਿਚਾਰ ਮੰਚ ਪੰਜਾਬ ਦੀ ਹੰਗਾਮੀ ਇਕੱਤਰਤਾ ਮੰਚ ਦੇ ਸਰਪ੍ਰਸਤ ਭੁਪਿੰਦਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਦੌਰਾਨ ਵਿਛੜੇ ਆਗੂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਮੰਚ ਨੇ ਕਾਮਰੇਡ ਬਾਸੂ ਵੱਲੋਂ ਸਿਆਸੀ ਖੇਤਰ ਵਿੱਚ ਨਿਭਾਈਆਂ ਸੇਵਾਵਾਂ ਦੀ ਭਰਵੀਂ ਤਰੀਫ ਕਰਦਿਆਂ ਕਿਹਾ ਕਿ ਰਾਸ਼ਟਰ ਇਸ ਨੇਤਾ ਦੁਆਰਾ ਪਾਈਆਂ ਪੈੜਾਂ ਨੂੰ ਸਦਾ ਯਾਦ ਰੱਖੇਗਾ। ਕਾਮਰੇਡ ਬਾਸੂ ਉੱਚੀ, ਸੁੱਚੀ ਅਤੇ ਇਮਾਨਦਾਰ ਸਿਆਸਤ ਦੇ ਪ੍ਰਤੀਕ ਵਜੋਂ ਹਮੇਸ਼ਾ ਸਤਿਕਾਰੇ ਜਾਂਦੇ ਰਹਿਣਗੇ।

ਕੁਲਬੀਰ ਜ਼ੀਰਾ ਵੱਲੋ ਮੀਟਿੰਗਾਂ ਦਾ ਸਿਲਸਲਾ ਸ਼ੁਰੂ

ਜ਼ੀਰਾ, 20 ਜਨਵਰੀ (ਤਰਸੇਮ ਖੁਰਾਣਾ / ਰਾਜ਼ ਧਮੀਜ਼ਾ) ਪੰਜਾਬ ਪ੍ਰਦੇਸ ਕਾਂਗਰਸ ਦਾ ਸਕੱਤਰ ਨਿਯੁਕਤ ਹੋਣ ਉਪਰੰਤ ਸ: ਕੁਲਬੀਰ ਸਿੰਘ ਜ਼ੀਰਾ ਵੱਲੋਂ ਇਲਾਕੇ ਦੇ ਕਾਂਗਰਸੀ ਆਗੂਆਂ ਤੇ ਵਰਕਰਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਸਬੰਧੀ ਬਲਾਕ ਜ਼ੀਰਾ ਦੇ ਪਿੰਡ ਝੀਤੇ ਪੁੱਜੇ ਜਿਥੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸਵਾਗਤ ਕਰਤਾਵਾਂ ਵਿਚੋਂ ਸਰਿਦੰਰ ਸਿੰਘ ਝੀਤੇ, ਦਰਸ਼ਨ ਸਿੰਘ ਸਰਪੰਚ, ਮਨਜੀਤ ਸਿੰਘ ਸਾਬਕਾ ਸਰਪੰਚ ਮਾਛੀਕੇ, ਲਖਵਿੰਦਰ ਸਿੰਘ ਜੋੜਾ, ਮਾਨ ਸਿੰਘ ਨੰਬਰਦਾਰ, ਨਿਰਮਲ ਸਿੰਘ, ਸੁਖਪਾਲ ਸਿੰਘ ਜੈਲਦਾਰ, ਸਰਦੂਲ ਸਿੰਘ ਸਾਬਕਾ ਸਰਪੰਚ ਮਰਖਾਈ, ਗਿੰਨੀ ਸੋਡੀਵਾਲਾ, ਨਰਿਦੰਰ ਨਿੰਦੀ, ਅਸ਼ੋਕ ਕਥੂਰੀਆਂ, ਅਗਰੇਜ ਸਿੰਘ ਸਾਬਕਾ ਸਰਪੰਚ ਹੋਲਾਂਵਾਲੀ, ਹਰੀਸ਼ ਜੈਨ ਗੋਗਾ, ਰਾਣਾ ਮਲਸੀਆਂ ਆਦਿ ਉਚੇਚੇ ਤੌਰ 'ਤੇ ਹਾਜ਼ਰ ਸਨ।

'ਅਪ੍ਰੇਸ਼ਨ ਗਰੀਨ ਹੰਟ' ਦੇ ਵਿਰੋਧ ਵਿੱਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਸਾਂਝਾ ਖਤ ਲਿਖਿਆ

ਸਮਰਾਲਾ, 20 ਜਨਵਰੀ (ਕੁਲਵੰਤ ਤਰਕ)-ਸੰਸਾਰ ਭਰ (ਸਮੇਤ ਭਾਰਤ) ਦੇ 394 ਬੁੱਧੀਜੀਵੀਆਂ, ਇਨਸਾਫ ਤੇ ਜਮਹੂਰੀ ਪਸੰਦ, ਸੰਪਦਾਕਾਂ, ਪੱਤਰਕਾਰਾਂ, ਡਾਕਟਰਾਂ, ਯੂਨੀਵਰਸਿਟੀ ਦੇ ਪ੍ਰੋਫੈਸਰਾਂ, ਲੇਖਕਾਂ ਤੇ ਅਗਾਂਹ-ਵਧੂ ਲੋਕਾਂ ਵੱਲੋਂ ਸਾਂਝੇ ਰੂਪ ਵਿੱਚ 'ਅਪ੍ਰੇਸ਼ਨ ਗਰੀਨ ਹੰਟ' ਦੇ ਖਿਲਾਫ (ਮਾਓਵਾਦੀ, ਨਕਲਸਵਾੜੀ ਬਗਾਵਤ ਨੂੰ ਕੁਚਲਣ ਦੇ ਬਹਾਨੇ) ਇੱਕ ਪੱਤਰ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਲਿਖ ਕੇ ਅਪੀਲ ਕੀਤੀ ਗਈ ਹੈ ਕਿ ਮਹਾਂਰਾਸ਼ਟਰ, ਪੱਛਮੀ ਬੰਗਾਲ, ਛਤੀਸਗੜ੍ਹ, ਝਾਰਖੰਡ, ਆਂਧਰਾ ਪ੍ਰਦੇਸ਼ ਤੇ ਉੜੀਸਾ ਦੇ ਲੱਖਾਂ ਦੀ ਗਿਣਤੀ ਵਿੱਚ ਆਦਿ ਵਾਸੀਆਂ ਦੀ ਵਸੋਂ ਵਾਲੇ ਇਲਾਕਿਆਂ ਵਿੱਚ ਸੁਰੱਖਿਆ ਬਲਾਂ ਤੇ ਫੌਜ ਦੀ ਵਰਤੋਂ ਕਰਕੇ ਲਾਮਿਸਾਲ ਫੌਜੀ ਹਮਲਾ ਵਿੱਢਣ ਦੀ ਵਿਉਂਤਾਂ ਤੁਰੰਤ ਰੱਦ ਕੀਤੀਆਂ ਜਾਣ। ਕਿਸੇ ਬਗਾਵਤ ਨੂੰ ਕੁਚਲਣ ਦੇ ਨਾਂਅ ਥੱਲੇ ਭਾਰਤ ਦੇ ਸਭ ਤੋਂ ਗਰੀਬ ਲੱਖਾਂ ਲੋਕਾਂ ਦੀਆਂ ਜ਼ਿੰਦਗੀਆਂ ਤੇ ਉਪਜੀਵਕਾ ਨੂੰ ਖਤਰੇ ਵਿੱਚ ਪਾ ਪਾਉਣਾ ਹੈ। ਉਨ੍ਹਾਂ ਕਿਹਾ ਕਿ ਪ੍ਰਸਾਤਵਿਤ ਫੌਜੀ ਹਮਲੇ ਨੇ ਨਾ ਸਿਰਫ ਆਦੀਵਾਸੀ, ਵਸੋਂ ਦੀ ਗਰੀਬੀ, ਭੁਖਮਰੀ, ਜਲਾਲਤ ਅਤੇ ਅਸੁਰੱਖਿਆ ਵਿੱਚ ਵਾਧਾ ਕਰਨਾ ਹੈ। ਸਗੋਂ ਹੋਰ ਵਧੇਰੇ ਖੇਤਰ ਨੂੰ ਆਪਣੇ ਕਲਾਵੇ ਵਿੱਚ ਲੈ ਲੈਣਾ ਹੈ। ਇਹ ਹਮਲਾ ਸਪੈਸ਼ਲ ਆਰਥਿਕ ਜ਼ੋਨਾਂ ਅਤੇ ਖਾਣਾਂ, ਸਨਅਤੀ ਵਿਕਾਸ, ਸੂਚਨਾ ਤਕਨੀਕ ਦੇ ਕੇਂਦਰਾਂ ਆਦਿ ਨਾਲ ਸੰਬੰਧਤ ਹੋਰ ਵਿਕਾਸ ਪਾਜੈਕਟਾਂ ਦੇ ਨਾਂਅ ਥੱਲੇ ਕੀਤਾ ਜਾ ਰਿਹਾ ਹੈ। ਉਹ ਭੂਗੋਲਿਕ ਖਿੱਤਾ ਜਿੱਥੇ ਹਕੂਮਤ ਨੇ ਫੌਜੀ ਹਮਲੇ ਵਿੱਢਣ ਦੀ ਵਿਉਂਤਬੰਦੀ ਕੀਤੀ ਹੋਈ ਹੈ, ਖਣਿਜਾਂ, ਜੰਗਲ ਰੂਪੀ ਦੌਲਤ ਅਤੇ ਜਲ ਸਰੋਤਾਂ ਵਰਗੇ ਕੁਦਰਤੀ ਸੰਸਾਧਨਾਂ ਨਾਲ ਮਾਲਾਮਾਲ ਹੈ ਅਤੇ ਇਹ ਖੇਤਰ ਅਨੇਕਾਂ ਕਾਰਪੋਰੇਸ਼ਨਾਂ ਦੀ ਵੱਡੀ ਪੱਧਰ 'ਤੇ ਲੁੱਟ ਖਸੁੱਟ ਦਾ ਨਿਸ਼ਾਨਾ ਰਿਹਾ ਹੈ। ਸਥਾਨਿਕ ਆਦੀਵਾਸੀ ਵਸੋਂ ਨੇ ਉਜਾੜੇ ਅਤੇ ਬੇਦਖਲੀਆਂ ਖਿਲਾਫ ਜਾਨ ਹੂਲਵੀਆਂ ਜਦੋ ਜਹਿਦਾਂ ਕੀਤੀਆਂ ਹਨ ਅਤੇ ਇਨ੍ਹਾਂ ਜਦੋ ਜਹਿਦਾਂ ਨੇ ਬਹੁਤ ਸਾਰੇ ਮਾਮਲਿਆਂ ਵਿੱਚ ਹਕੂਮਤ ਥਾਪੜਾ ਪ੍ਰਾਪਤ ਕਾਰਪੋਰੇਸ਼ਨਾਂ ਨੂੰ ਇਨ੍ਹਾਂ ਖੇਤਰਾਂ ਵਿੱਚ ਸੰਨ੍ਹ ਲਾਉਣ ਤੋਂ ਰੋਕਿਆ ਹੈ। ਉਨ੍ਹਾਂ ਕਿਹਾ ਕਿ ਸਾਨੂੰ ਤੌਖਲਾ ਹੈ ਕਿ ਹਕੂਮਤ ਹਮਲੇ ਦਾ ਮੰਤਵ ਅਜਿਹੀਆਂ ਜਨਤਕ ਜਦੋਂ ਜਹਿਦਾਂ ਨੂੰ ਕੁਚਲਨਾ ਵੀ ਹੈ, ਤਾਂ ਜੋ ਕਾਰਪੋਰੇਸ਼ਨਾਂ ਦੇ ਦਾਖਲੇ ਅਤੇ ਕਾਰੋਬਾਰ ਨੂੰ ਸਹਿਲ ਕੀਤਾ ਜਾ ਸਕੇ ਅਤੇ ਇਨ੍ਹਾਂ ਖੇਤਰਾਂ ਦੇ ਕੁਦਰਤੀ ਸੰਸਥਾਵਾਂ ਅਤੇ ਲੋਕਾਂ ਦੀ ਬੇਰੋਕ ਲੁੱਟ ਖਸੁੱਟ ਦਾ ਰਾਹ ਸਾਫ ਕੀਤਾ ਜਾ ਸਕੇ।

ਇਹ ਖਤ ਪੰਫਲਟ ਦੇ ਰੂਪ ਵਿੱਚ ਲੋਕ ਮੋਰਚਾ ਪੰਜਾਬ ਦੇ ਜਨਰਲ ਸਕੱਤਰ ਅਮੋਲਕ ਸਿੰਘ ਤੇ ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਸਿੰਘ ਖੰਨਾ ਵੱਲੋਂ ਵੱਡੇ ਪੱਧਰ 'ਤੇ ਪ੍ਰਕਾਸ਼ਿਤ ਕਰਕੇ ਪਛਾਣ ਕੇ ਪੰਜਾਬ ਦੇ ਲੋਕ ਪੱਖੀ, ਜਮਹੂਰੀਅਤ ਪਸੰਦ ਅਤੇ ਬੁੱਧੀਜੀਵੀ ਲੋਕ ਢੁੱਕਵਾਂ ਸਮਾਂ ਸ਼ਕਲਾਂ 'ਚ ਵਿਰੋਧ ਮੁਹਿੰਮ ਨੂੰ ਤਕੜਾ ਕਰਨ 'ਚ ਰੋਲ ਅਦਾ ਕਰਨ।

ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ-ਪਰਮਿੰਦਰ, ਸੁਖਬੀਰ

ਤਪਾ ਮੰਡੀ, 20 ਜਨਵਰੀ (ਯਾਦੂ ਭੁੱਲਰ)-ਅਕਾਲੀਆਂ ਦੀ ਬਣਾਈ ਐੱਸ.ਓ. ਆਈ. (ਵਿਦਿਆਰਥੀ ਸੰਗਠਨ) ਦੀ ਧੱਕੇਸ਼ਾਹੀ ਹੁਣ ਬਰਦਾਸ਼ਤ ਨਹੀਂ ਕੀਤੀ ਜਾਵੇਗੀ, ਹਰੇਕ ਧੱਕੇਸ਼ਾਹੀ ਦਾ ਮੂੰਹ -ਤੋੜਵੇਂ ਜਵਾਬ ਦਿੱਤਾ ਜਾਵੇਗਾ। ਕਿਉਂਕਿ ਪੂਰੇ ਭਾਰਤ ਦੀ ਤਰ੍ਹਾਂ ਸਥਾਨਕ ਜ਼ਿਲ੍ਹੇ ਅੰਦਰ ਵੀ (ਸੈਫੀ) ਸੈਕੂਲਰ ਯੂਥ ਫਾਉਂਡੇਸ਼ਨ ਆਫ ਇੰਡੀਆ ਨਾਂਅ ਦਾ ਵੀ ਕਾਂਗਰਸ ਪਾਰਟੀ ਦੀ ਜਥੇਬੰਦੀ ਦਾ ਢਾਂਚਾ ਹੋਂਦ ਵਿੱਚ ਆ ਗਿਆ ਹੈ। ਇਹ ਵਿਚਾਰ ਜ਼ਿਲ੍ਹੇ ਦੇ ਆਗੂਆਂ ਪਰਮਿੰਦਰ ਸਿੰਘ ਮਾਨ ਅਤੇ ਸੁਖਬੀਰ ਲੱਕੀ ਮੋੜ ਨੇ ਪੱਤਰਕਾਰਾਂ ਨਾਲ ਸਾਂਝੇ ਤੌਰ 'ਤੇ ਗੱਲਬਾਤ ਕਰਦਿਆਂ ਸਾਡੇ ਮੀਡੀਆ ਦਫਤਰ ਵਿੱਚ ਪ੍ਰਗਟ ਕੀਤੇ। ਉਨ੍ਹਾਂ ਇਸ ਮੌਕੇ ਇਹ ਵੀ ਕਿਹਾ ਕਿ ਪੂਰੇ ਜ਼ਿਲ੍ਹੇ ਵਿਚਲੇ ਨੌਜਵਾਨਾਂ ਵਿੱਚ ਇਸ ਇਕਾਈ ਨਾਲ ਜੁੜਨ ਲਈ ਕਾਫੀ ਉਤਸ਼ਾਹ ਹੈ, ਕਿਉਂਕਿ ਕਾਂਗਰਸ ਪਾਰਟੀ ਹਮੇਸ਼ਾ ਹੀ ਸੈਕੂਲਰ (ਧਰਮ ਨਿਰਪੱਖ) ਪਾਰਟੀ ਵਜੋਂ ਲੋਕਾਂ ਵਿਚਕਾਰ ਵਿਚਰਦੀ ਹੈ। ਜਦਕਿ ਅਕਾਲੀ-ਭਾਜਪਾ ਹਮੇਸ਼ਾ ਹੀ ਫਿਰਕਾਪ੍ਰਸਤ ਪਾਰਟੀ ਰਹੀ ਹੈ। ਧਰਮ ਅਤੇ ਜਾਤ ਦੇ ਨਾਂਅ ਉੱਪਰ ਵੋਟਾਂ ਮੰਗਣਾ ਇਸ ਦੀ ਆਦਤ ਹੈ, ਜਿਸ ਕਾਰਨਹੀ ਪੰਜਾਬ ਦੀ ਜਨਤਾ ਹੁਣ ਅਜਿਹੀਆਂ ਫਿਰਕੂ ਪਾਰਟੀਆਂ ਨੂੰ ਲੋਕਾਂ ਦੇ ਮੂੰਹ ਲਗਾਉਣੋ ਛੱਡ ਦਿੱਤਾ ਹੈ। ਪੰਜਾਬ ਦੀ ਜਨਤਾ ਇਨ੍ਹਾਂ ਪਾਰਟੀਆਂ ਦੇ ਆਗੂਆਂ ਨੂੰ ਭਜਾਉਣ ਲਈ ਉਤਾਵਲੀ ਹੈ। ਦੋਵੇਂ ਆਗੂਆਂ ਨੇ ਇਸ ਮੌਕੇ ਇਹ ਵੀ ਕਿਹਾ ਕਿ ਸੂਬਾ ਪ੍ਰਧਾਨ ਦੀ ਹਦਾਇਤ ਮੁਤਾਬਿਕ ਇੱਕ ਨਿਮਾਣੇ ਵਰਕਰਾਂ ਦੀ ਤਰ੍ਹਾਂ ਪੂਰੇ ਜ਼ਿਲ੍ਹੇ ਅੰਦਰ ਪਿੰਡਾਂ ਵਿਚਲੇ ਘਰ-ਘਰ ਜਾ ਕੇ ਉਨ੍ਹਾਂ ਨੂੰ ਕਾਂਗਰਸ ਦੀਆਂ ਸਮਾਜ ਭਲਾਈ ਦੀਆਂ ਨੀਤੀਆਂ ਤੋਂ ਜਾਣੂ ਕਰਵਾਇਆ ਜਾਵੇਗਾ, ਤਾਂ ਜੋ ਲੋਕ ਵੱਧ ਤੋਂ ਵੱਧ ਕਾਂਗਰਸ ਪਾਰਟੀ ਨਾਲ ਜੁੜਨ।

ਪ੍ਰਭਾਤ ਫੇਰੀਆਂ ਸ਼ੁਰੂ

ਨੂਰਪੁਰ ਬੇਦੀ, 20 ਜਨਵਰੀ (ਪਰਮਜੀਤ ਅਬਿਆਣਾ)-ਭਗਤ ਰਵਿਦਾਸ ਜੀ ਦੇ ਜਨਮ ਦਿਨ ਨੂੰ ਮਨਾਉਂਦਿਆ ਨਗਰ ਅਬਿਆਣਾ ਖੁਰਦ ਦੀਆ ਸੰਗਤਾਂ ਵਲੋਂ ਪ੍ਰਭਾਤਫੇਰੀਆਂ ਸ਼ੁਰੂ ਕਰ ਦਿੱਤੀਆਂ ਹਨ। 'ਅੱਜ ਦੀ ਆਵਾਜ਼' ਦੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਰਾਮ ਦਿੱਤਾ ਨੇ ਦੱਸਿਆ ਕਿ ਇਨ੍ਹਾਂ ਪ੍ਰਭਾਤਫੇਰੀਆਂ ਵਿੱਚ ਨਗਰ ਦੀਆਂ ਸੰਗਤਾਂ ਅੰਮ੍ਰਿਤ ਵੇਲੇ ਉੱਠ ਕੇ ਹਿੱਸਾ ਲੈਂਦੀਆਂ ਹਨ ਅਤੇ ਗੁਰੂ ਦੇ ਜਸ ਗਾਉਂਦੀਆਂ ਹਨ। ਪ੍ਰਭਾਤਫੇਰੀਆਂ ਵਿੱਚ ਜੁੜੀਆਂ ਸਾਰੀਆਂ ਸੰਗਤਾਂ ਦੀ ਨਗਰ ਨਿਵਾਸੀਆਂ ਵੱਲੋਂ ਚਾਹ ਪਕੌੜਿਆਂ ਨਾਲ ਸੇਵਾ ਕੀਤੀ ਜਾਂਦੀ ਹੈ। ਇਨ੍ਹਾਂ ਵਿਚ ਦੁਰਗਾ ਦਾਸ, ਸ਼ਿੰਗਾਰਾ ਸਿੰਘ, ਕ੍ਰਿਸ਼ਨ ਲਾਲ, ਕੁਲਦੀਪ ਸਿੰਘ ਸਮੇਤ ਨਗਰ ਦੀਆਂ ਅਨੇਕਾਂ ਸੰਗਤਾਂ ਹਿੱਸਾ ਲੈਂਦੀਆਂ ਹਨ।